 ISSN : 2581-8252

# ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸਾਹਿਤਕ ਅਤੇ ਸਮਾਜਕ ਮਹੱਤਵ

ਡਾ. ਹਰਪ੍ਰੀਤ ਸਿੰਘ ਹੁੰਦਲ*

ਗੁਰੂ ਨਾਨਕ ਦੇਵ ਜੀ 1469 ਈ: ਵਿੱਚ ਪੈਦਾ ਹੋਏ ਅਤੇ 1539 ਈ. ਵਿੱਚ ਜੋਤੀ ਜੋਤ ਸਮਾਏ । ਇਹ ਸੱਤਰ ਸਾਲ ਜਾਂ ਇਹਨਾਂ ਦੇ ਆਸ-ਪਾਸ ਦਾ ਸੌ ਸਾਲ ਦਾ ਸਮਾਂ ਵਿਸ਼ਵ-ਇਤਿਹਾਸ ਦਾ ਬੜਾ ਹੀ ਮਹੱਤਵ-ਪੂਰਨ ਸਮਾਂ ਹੋਇਆ ਹੈ । ਵਿਸ਼ਵ-ਇਤਿਹਾਸ ਦੇ ਪਠਨ ਤੋਂ ਪਤਾ ਲੱਗਦਾ ਹੈ ਕਿ ਮਨੁੱਖੀ ਇਤਿਹਾਸ ਵਿੱਚ ਇਸ ਕਾਲ ਤੋਂ ਪਹਿਲਾਂ ਜਾਂ ਬਾਅਦ ਵਿੱਚ ਕਦੇ ਵੀ ਸਮਾਂ ਇਤਨਾ ਨਿਰਣੇਕਾਰੀ ਨਹੀਂ ਹੋਇਆ, ਜਿੰਨਾ ਕਿ ਗੁਰੂ ਨਾਨਕ ਦੇ ਜੀਵਨ-ਕਾਲ ਦਾ ਸਮਾਂ ਸੀ। ਇਸ ਤੋਂ ਪਹਿਲਾਂ ਇਸਲਾਮ ਨੇ ਸਾਰੀ ਦੁਨੀਆਂ ਨੂੰ ਹਿਲਾ ਛੱਡਿਆ ਸੀ । ਇਸ ਦੇ ਫਲਸਰੂਪ ਯੂਰਪ ਜਾਗਿਆ ਅਤੇ ਸੂਫ਼ੀ ਲਹਿਰ ਤੇ ਫਿਰ ਭਾਰਤ ਵਿੱਚ ਭਗਤੀ ਲਹਿਰ ਹੋਂਦ ਵਿੱਚ ਆਈ । ਯੂਰਪ ਵਿੱਚ ਪੁਨਰ-ਜਾਗ੍ਰਿਤੀ (ਰੀਨੇਸਾਂ) ਦਾ ਸਿਖ਼ਰ ਏਸੇ ਸਮੇਂ ਵਿੱਚ ਹੀ ਹੋਇਆ । ਏਸੇ ਸਮੇਂ ਬੜੇ-ਬੜੇ ਜੁੱਗ ਪਲਟੇ ਹੋਏ ਅਤੇ ਬੜੀਆਂ ਭਾਰੀਆਂ ਹਸਤੀਆਂ ਹੋਈਆਂ ।

ਗੁਰੂ ਨਾਨਕ ਦੇਵ ਨੇ ਜਿਸ ਤਰ੍ਹਾਂ ਆਪਣੇ ਸਮੇਂ ਦੀ ਪੜਚੋਲ ਕੀਤੀ, ਗਲਤ ਸਮਾਜਕ, ਰਾਜਨੀਤਕ ਤੇ ਧਾਰਮਿਕ ਕੀਮਤਾਂ ਦਾ ਖੰਡਨ ਕੀਤਾ, ਉਹ ਆਪਣੀ ਮਿਸਾਲ ਆਪ ਹੀ ਹੈ । ਉਸ ਸਮੇਂ ਤੱਕ ਕਿਸੇ ਸਾਹਿਤਕਾਰ ਜਾਂ ਕਵੀ ਨੇ ਇਸ ਤਰ੍ਹਾਂ ਦੀ ਬਲਵਾਨ ਪੜਚੋਲ ਨਹੀਂ ਸੀ ਕੀਤੀ । ਇਹ ਗੁਰੂ ਨਾਨਕ ਦੀ ਵਡਿਆਈ ਹੈ ਕਿ ਉਸ ਨੇ ਨਿੱਡਰ ਹੋ ਕੇ ਸਮਾਜਕ ਅਗਵਾਈ ਦਾ ਫਰਜ਼ ਆਪਣੀ ਕਵਿਤਾ, ਪ੍ਰਚਾਰ ਅਤੇ ਗੋਸ਼ਟਾਂ ਰਾਹੀਂ ਨਿਭਾਇਆ -

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ।।
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ।।
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ।।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ।।

(ਰਾਗ ਆਸਾ ਮਹਲਾ 1)

---

* ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ, ਸਿੱਖ ਨੈਸ਼ਨਲ ਕਾਲਜ, ਕਾਦੀਆਂ।

ਭਾਰਤ ਵਿੱਚ ਕਿਸੇ ਵੀ ਸਾਹਿਤਕਾਰ-ਆਗੂ ਦੀ ਕਿਰਤ ਦੇ ਅਜਿਹੇ ਰਾਜਨੀਤਕ, ਸਮਾਜਕ, ਧਾਰਮਿਕ ਸਿੱਟੇ ਨਹੀਂ ਨਿਕਲੇ, ਜਿਸ ਤਰ੍ਹਾਂ ਦੇ ਗੁਰੂ ਨਾਨਕ ਦੀ ਰਚਨਾ ਦੇ । ਭਗਤ ਕਬੀਰ ਵਿੱਚ ਵਧੇਰੇ ਕਰਕੇ ਖੰਡਨ, ਉਪਰਾਮਤਾ, ਨਿਰਗੁਣ ਭਗਤੀ, ਅੱਖੜਤਾ ਤੇ ਨਿਜਗਤ ਅਨੁਭਵ ਹੈ, ਪਰ ਗੁਰੂ ਨਾਨਕ ਵਿੱਚ ਆਦਰਸ਼ਕ ਅਗਵਾਈ, ਨਿਮਰਤਾ, ਉਸਾਰੂ ਬਿਰਤੀ ਤੇ ਨਿਆਇਸ਼ੀਲਤਾ ਮਿਲਦੀ ਹੈ । ਸ਼ਾਇਦ ਏਸੇ ਕਰਕੇ ਜੋ ਪਰੰਪਰਾ ਗੁਰੂ ਨਾਨਕ ਨਾਲ ਸ਼ੁਰੂ ਹੋਈ ਉਹ ਕਬੀਰ ਨਾਲ ਸ਼ੁਰੂ ਨਹੀਂ ਹੋ ਸਕੀ, ਭਾਵੇਂ ਦੋਹਾਂ ਦੀ ਕਵਿਤਾ ਵਿੱਚ ਸਮਾਨਤਾ ਬੜੀ ਹੈ। ਗੁਰੂ ਨਾਨਕ ਨੇ ਪ੍ਰਮਾਤਮਾ ਦਾ ਜੋ ਸੰਕਲਪ ਪੇਸ਼ ਕੀਤਾ ਉਸ ਅਨੁਸਾਰ ਦੁਨਿਆਵੀ ਰਾਜੇ ਤੇ ਸੁਲਤਾਨ ਤੇ ਉਚ-ਸ਼੍ਰੇਣੀ ਦੇ ਲੋਕ ਨਿੱਕੇ-ਮੋਟੇ ਕੀੜੇ-ਪਤੰਗੇ ਬਣ ਕੇ ਰਹਿ ਜਾਂਦੇ ਹਨ । ਕਿਉਂਕਿ ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ । ਪਰਮਾਤਮਾ ਤੇ ਪ੍ਰਮਾਤਮਾ ਦੀ ਕੁਦਰਤ ਦਾ ਮੁੱਖ ਲੱਛਣ, ਨਾਨਕ ਬਾਣੀ ਅਨੁਸਾਰ, ਕੁਦਰਤੀ ਸ਼ਕਤੀਆਂ ਦੀ ਵਡਿਆਈ ਹੈ । ਇਸ ਦੇ ਸਾਹਮਣੇ ਵੱਡੇ-ਵੱਡੇ ਰਾਜੇ ਨਿਮਾਣੇ ਬਣ ਕੇ ਰਹਿ ਜਾਂਦੇ ਹਨ । ਕੁਦਰਤ ਦੇ ਅਟੱਲ ਨਿਯਮ, ਬੰਦੇ ਦੀ ਮਰਜ਼ੀ ਤੋਂ ਬਿਲਕੁਲ ਸੁਤੰਤਰ, ਆਪਣੇ ਹੀ ਤਰੀਕੇ ਨਾਲ ਹਰਕਤ ਕਰਦੇ ਹਨ । ਇਹ ਗੁਰੂ ਨਾਨਕ ਦੇ ਯੁੱਗ ਦਾ ਤੇ ਨਾਨਕ-ਬਾਣੀ ਦਾ ਸੱਚ ਹੈ । ਇਹ ਬਾਣੀ ਪੜ੍ਹਕੇ ਲੋਕਾਂ ਦੇ ਮਨਾਂ ਵਿੱਚੋਂ ਰਾਜ-ਸੱਤਾ ਦੇ ਹਊਏ ਦਾ ਡਰ ਚੁੱਕਿਆ ਗਿਆ ਤੇ ਆਖ਼ਰ ਉਹ ਧੱਕੜਸ਼ਾਹੀ ਦਾ ਮੁਕਾਬਲਾ ਕਰਨ ਲਈ ਗੁਰੂ ਬਾਣੀ ਪੜ੍ਹਦੇ ਹੋਏ, ਆਪਾ ਵਾਰਨ ਲਈ ਤਿਆਰ ਹੋ ਗਏ ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ।।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ।।

(ਸਲੋਕ ਮਹਲਾ 1)

ਗੁਰੂ ਨਾਨਕ ਬਾਣੀ ਵਿੱਚ ਉਹ ਬੀਜ-ਰੂਪ ਹੈ ਜੋ ਡੇਢ ਦੋ ਸੌ ਸਾਲ ਦੇ ਅਰਸੇ ਵਿੱਚ ਸਿੱਖੀ ਦੀ ਲਹਿ ਲਹਿ ਕਰਦੀ ਫਸਲ ਬਣਿਆ । ਗੁਰੂ ਨਾਨਕ ਆਪਣੇ ਆਪ ਨੂੰ 'ਢਾਡੀ' ਜਾਂ 'ਸਾਇਰ' ਕਹਿੰਦੇ ਸਨ - ਉਹ ਵੀ ਇਕ ਨੀਚ ਜਾਤ ਵਾਲਾ ਢਾਡੀ । ਇਹ ਗੁਰੂ ਨਾਨਕ ਦੀ ਬੌਧਿਕ ਨਿਮਰਤਾ ਦਾ ਪ੍ਰਮਾਣ ਹੈ । ਬੌਧਿਕ ਨਿਮਰਤਾ ਵਿੱਚੋਂ ਹੀ ਉੱਚ-ਸਾਹਿਤਕਾਰੀ ਜਨਮ ਲੈਂਦੀ ਹੈ । ਪ੍ਰਸਿੱਧ ਲੇਖਕ ਹੀਰਾ ਸਿੰਘ ਦਰਦ ਲਿਖਦੇ ਹਨ -

ISSN : 2581-8252

> ਗੁਰੂ ਨਾਨਕ ਸਾਹਿਬ ਦੇ ਜੀਵਨ ਤੇ ਉਹਨਾਂ ਦੀ ਰਚਨਾ ਵਿੱਚੋਂ ਪ੍ਰਤੱਖ ਨਜ਼ਰ ਆਉਂਦਾ ਹੈ ਕਿ ਉਹ ਪਰਿਵਾਰਕ ਤੇ ਸਮਾਜਕ ਜੀਵਨ-ਘੋਲਾਂ ਵਿੱਚ ਰਚ-ਮਿਚ ਕੇ ਰਹੇ ਹਨ । ਘੋਲਾਂ ਵਿੱਚ ਪਲੇ, ਵੱਡੇ ਹੋਏ ਅਤੇ ਲੋਕਾਂ ਦੀਆਂ 'ਜੀਵਨ ਲੋੜਾਂ' ਦੁੱਖਾਂ ਸੁੱਖਾਂ ਤੇ ਉਹਨਾਂ ਦੇ ਮਨੋ-ਭਾਵਾਂ ਦੇ ਅਮਲੀ ਅਨੁਭਵ ਪ੍ਰਾਪਤ ਕੀਤੇ । ਇਸੇ ਵਾਸਤੇ ਆਪ ਨੇ ਸਭ ਤੋਂ ਪਹਿਲਾਂ ਦੋ ਪੁਰਾਣੀਆਂ ਸਮਾਜਿਕ ਕੁਰੀਤੀਆਂ ਵਿਰੁੱਧ ਦੋ-ਟੁੱਕ ਫੈਸਲਾ ਦਿੱਤਾ । ਇਹ ਦੋ ਕੁਰੀਤੀਆਂ ਸਨ-ਤਿਆਗਵਾਦ ਅਤੇ ਨਿਜਵਾਦ।

(ਪੰਜਾਬੀ ਦੁਨੀਆਂ, ਗੁਰੂ ਨਾਨਕ ਅੰਕ, ਪੰਨਾ 11)

ਕਿਸੇ ਕਵੀ ਦੀ ਸਾਹਿਤਕ ਅਤੇ ਸਮਾਜਕ ਮਹਾਨਤਾ ਲਈ ਸਭ ਤੋਂ ਪਹਿਲਾਂ ਇਹ ਦੇਖਣਾ ਚਾਹੀਦਾ ਹੈ ਕਿ ਉਸ ਦੀ ਸਮਾਜ ਅਤੇ ਇਤਿਹਾਸ ਸੰਬੰਧੀ ਵਾਕਫ਼ੀ ਕਿੰਨੀ ਡੂੰਘੀ, ਵਿਸ਼ਾਲ ਅਤੇ ਪ੍ਰਮਾਣਿਕ ਹੈ । ਸਮਾਜ ਵਿਚਲੀਆਂ ਪ੍ਰਚਲਿਤ ਪ੍ਰਸਥਿਤੀਆਂ ਬਾਰੇ ਉਸ ਦਾ ਗਿਆਨ ਕਿੰਨਾ ਕੁ ਵਿਸ਼ਾਲ ਹੈ ? ਇਹ ਗੱਲਾਂ ਕਵੀ ਦੀ ਆਪਣੀ ਸਮਾਜਕ ਹੈਸੀਅਤ ਅਤੇ ਉਸ ਦੇ ਆਲੇ-ਦੁਆਲੇ ਦੇ ਆਰਥਕ, ਰਾਜਸੀ ਅਤੇ ਸਮਾਜਕ ਪ੍ਰਭਾਵਾਂ ਨਾਲ ਬੜਾ ਡੂੰਘਾ ਸੰਬੰਧ ਰੱਖਦੀਆਂ ਹਨ ।

ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚ ਆਪ ਦੀ ਅਦੁੱਤੀ ਸਮਾਜਕ ਤੇ ਸਾਹਿਤਕ ਮਹਾਨਤਾ ਦੇ ਗੁਣ ਵੇਖ ਕੇ ਅਗਾਂਹਵਧੂ ਅਤੇ ਵਾਸਤਵਵਾਦੀ ਸਾਹਿਤਕਾਰਾਂ ਨੂੰ ਵੀ ਮੰਨਣਾ ਪੈਂਦਾ ਹੈ ਕਿ ਆਪ ਉਸ ਸਮੇਂ ਦੇ ਚੋਟੀ ਦੇ ਸਮਾਜ-ਸੁਧਾਰਕ, ਧਾਰਮਕ ਆਗੂ ਅਤੇ ਅਗਾਂਹਵਧੂ ਕਲਾਕਾਰ ਸਨ ਅਤੇ ਲੋਕਾਂ ਦੇ ਮਸਲੇ ਆਪ ਜੀ ਦੀ ਬਾਣੀ ਵਿੱਚ ਉਭਰ ਕੇ ਉਜਾਗਰ ਹੋ ਰਹੇ ਸਨ । ਜਾਤ-ਪਾਤ ਵਿੱਚ ਵੰਡਿਆ ਹੋਣ ਕਾਰਨ ਭਾਰਤੀ ਸਮਾਜ ਨੀਵਾਣਾਂ ਛੋਹ ਰਿਹਾ ਸੀ । ਆਪ ਨੇ ਸਮਾਜ ਦੀਆਂ ਉਚ-ਜਾਤੀਆਂ ਨੂੰ ਇਸ ਔਗੁਣ ਦਾ ਅਹਿਸਾਸ ਕਰਵਾਇਆ ਅਤੇ ਨਵੀਂ ਮਿਸਾਲ ਕਾਇਮ ਕੀਤੀ –

> ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
> ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
> ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

(ਸਿਰੀ ਰਾਗ) ਮਹੱਲਾ 1

 ISSN : 2581-8252

ਗੁਰੂ ਨਾਨਕ ਦੇਵ ਦੇ ਜੀਵਨ ਦਾ ਉਹ ਸਮਾਂ ਵਧੇਰੇ ਸੂਖ਼ਮ ਅਧਿਐਨ ਦਾ ਧਾਰਨੀ ਹੈ ਜਦੋਂ ਉਹ ਉਦਾਸੀਆਂ ਧਾਰਨ ਦਾ ਨਿਰਣਾ ਕਰਦੇ ਹਨ ਤਾਂ ਇਹ ਇਕ ਦਮ ਕੀਤਾ ਹੋਇਆ ਫੈਸਲਾ ਨਹੀਂ । ਇਸ ਪਿੱਛੇ ਉਹਨਾਂ ਦੇ ਜੀਵਨ ਦਾ ਇਕ ਲੰਮਾ ਪਿਛੋਕੜ ਵੀ ਹੈ । ਗੁਰੂ ਨਾਨਕ ਨੇ ਆਪਣਾ ਜੀਵਨ ਇਕ ਤਰਕਸ਼ੀਲ ਬਾਲਕ ਵਾਂਗ ਸ਼ੁਰੂ ਕੀਤਾ, ਜੋ ਹਰ ਰੀਤੀ ਰਿਵਾਜ, ਰਸਮ ਤੇ ਰੂੜ੍ਹੀਵਾਦੀ ਧਾਰਾ ਬਾਰੇ ਕਿੰਤੂ ਕਰਦਾ ਹੈ । ਪ੍ਰੋ. ਤੇਜਾ ਸਿੰਘ ਅਨੁਸਾਰ –

> ਉਹ ਧੁਰੋਂ ਹੀ ਪੜ੍ਹ ਕੇ ਨਹੀਂ ਸਨ ਆਏ ਸਗੋਂ ਉਹਨਾਂ ਨੇ ਬਚਪਨ ਤੋਂ ਲੈ ਕੇ ਉਦਾਸੀ ਧਾਰਨ ਤਕ ਕਈ ਬੋਲੀਆਂ ਅਤੇ ਮਤ-ਮਤਾਂਤਰਾਂ ਦਾ ਅਧਿਐਨ ਕੀਤਾ ਅਤੇ ਧਰਮ ਤੇ ਦਰਸ਼ਨ ਸੰਬੰਧੀ ਵੇਦਾਂ ਤੋਂ ਲੈ ਕੇ ਉਹਨਾਂ ਤੱਕ ਪ੍ਰਾਪਤ ਗਿਆਨ ਦਾ ਤਰਕਸ਼ੀਲ ਢੰਗ ਨਾਲ ਮੰਥਨ ਕੀਤਾ, ਕਿਉਂਕਿ ਉਹਨਾਂ ਨੇ ਆਪਣੀ ਬਾਣੀ ਵਿੱਚ ਵੇਦ ਸ਼ਾਸਤਰਾਂ, ਉਪਨਿਸ਼ਦਾਂ, ਯੋਗ ਮਤ ਦੇ ਸਿਧਾਂਤਾਂ ਤੇ ਇਸਲਾਮ ਦੀ ਕੱਟੜਤਾ ਬਾਰੇ ਬਹੁਤ ਥਾਵਾਂ 'ਤੇ ਆਪਣੀ ਬਾਣੀ ਵਿੱਚ ਖੰਡਨ ਕੀਤਾ ਹੈ ।
>
> (ਨਵੀਆਂ ਸੋਚਾਂ, ਪੰਨਾ 112)

ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀ ਸਭ ਤੋਂ ਵਿਲੱਖਣ ਵਡਿਆਈ ਇਹ ਹੈ ਕਿ ਉਹਨਾਂ ਨੇ ਕਰਾਮਾਤ ਦੀ ਮਿਥ ਨੂੰ ਤੋੜਿਆ ਹੈ । ਸਦੀਆਂ ਤੋਂ ਦੁਨੀਆਂ ਦੇ ਮਹਾਂਪੁਰਸ਼ਾਂ ਤੋਂ ਕਰਾਮਾਤ ਦੀ ਆਸ ਕੀਤੀ ਜਾਂਦੀ ਸੀ । ਇਹ ਰਿਵਾਜ ਬਣ ਗਿਆ ਸੀ ਕਿ ਰੱਬ ਨੂੰ ਪਹੁੰਚਿਆ ਹੋਇਆ ਫਕੀਰ ਲੋਕਾਂ ਨੂੰ ਅਜਿਹੀ ਗੱਲ ਦਿਖਾਵੇ, ਜਿਸ ਤੋਂ ਆਮ ਮਨੁੱਖ ਚਕ੍ਰਿਤ ਹੋ ਜਾਵੇ । ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਵਿੱਚ ਅੰਧ-ਵਿਸ਼ਵਾਸਾਂ ਦੀ ਪ੍ਰਵਿਰਤੀ ਨੂੰ ਖਤਮ ਕਰਨ ਲਈ ਨਿਰੰਤਰ ਉਪਰਾਲੇ ਕੀਤੇ । ਉਹਨਾਂ ਨੇ ਵਿਖਾਵੇ ਦੇ ਕਰਮਾਂ ਦੇ ਮੁਕਾਬਲੇ ਚੰਗੇ ਅਮਲ ਤੇ ਕਾਰਜ ਕਰਨ ਤੇ ਜ਼ੋਰ ਦਿੱਤਾ, ਫਿਰ ਇਹਨਾਂ ਸ਼ੁਭ ਅਮਲਾਂ ਤੋਂ ਵੀ ਹੰਕਾਰ ਪੈਦਾ ਹੋਣ ਦੇ ਖ਼ਤਰੇ ਨੂੰ ਮਹਿਸੂਸ ਕਰਕੇ ਮਨੁੱਖ ਨੂੰ ਤਾੜਨਾ ਕੀਤੀ ਕਿ ਇਹ ਚੰਗੇ ਕਾਰਜ ਕਰਦੇ ਸਮੇਂ ਪ੍ਰਮਾਤਮਾ ਨੂੰ ਯਾਦ ਰੱਖਣਾ ਹੈ ।

> ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
> ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥
> ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥
> ਬਾਬਾ ਮਾਇਆ ਸਾਥਿ ਨ ਹੋਇ ॥

ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥

(ਸੋਰਠਿ ਮਹਲਾ 1 ਘਰ 1)

ਗੁਰੂ ਸਾਹਿਬ ਨੇ ਲੋਕ-ਭਾਸ਼ਾ ਵਿੱਚ ਕਾਵਿ-ਰਚਨਾ ਕੀਤੀ ਅਤੇ ਪ੍ਰਚਲਿਤ ਪ੍ਰੰਪਰਾ ਨੂੰ ਤੋੜਿਆ ਜੋ ਵੱਖਰੀ ਜ਼ੁਬਾਨ, ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਵਿੱਚ ਹੀ ਕਾਵਿ-ਸਿਰਜਣਾ ਕਰਨੀ ਯੋਗ ਸਮਝਦੇ ਸਨ । ਉਹਨਾਂ ਬਾਣੀ ਵਿੱਚ ਸਾਦਗੀ ਅਤੇ ਸਰਲਤਾ ਦੇ ਅੰਸ਼ ਉੱਪਰ ਵਧੇਰੇ ਧਿਆਨ ਕੇਂਦਰਿਤ ਕੀਤਾ । ਗੁਰੂ ਸਾਹਿਬ ਨੇ ਪੰਜਾਬੀ ਵਾਤਾਵਰਣ ਦੀ ਸਿਰਜਣਾ ਕਰਦਿਆਂ ਏਥੋਂ ਦੇ ਮੌਸਮ, ਪੌਣ-ਪਾਣੀ, ਪ੍ਰਕਿਰਤੀ, ਰੁੱਤਾਂ ਅਤੇ ਮਹੀਨਿਆਂ ਨੂੰ ਆਪਣੀ ਬਾਣੀ ਦਾ ਵਿਸ਼ਾ ਬਣਾਉਂਦਿਆਂ ਕੋਈ ਅਜਿਹਾ ਪ੍ਰਭਾਵ ਨਹੀਂ ਆਉਣ ਦਿੱਤਾ ਜੋ ਉਹਨਾਂ ਦੀ ਬਾਣੀ ਦੇ ਸਾਹਿਤਿਕ ਬਣਨ ਵਿੱਚ ਰੁਕਾਵਟ ਪੈਦਾ ਕਰਦਾ ਹੋਵੇ । ਗੁਰੂ ਸਾਹਿਬ ਦੀ ਕਾਵਿਕ ਤੇ ਸੰਗੀਤਕ ਪ੍ਰਤਿਭਾ ਦਾ ਗਿਆਨ ਇਸ ਗੱਲੋਂ ਵੀ ਲੱਗ ਜਾਂਦਾ ਹੈ ਕਿ ਉਹਨਾਂ ਬਹੁਤ ਸਾਰੇ ਰਾਗਾਂ ਵਿੱਚ ਆਪਣੀ ਬਾਣੀ ਰਚੀ । ਇਹ ਰਾਗ ਹਨ - ਸ੍ਰੀ ਰਾਗ, ਮਾਝ, ਆਸਾ, ਗੁਜਰੀ, ਵਡਹੰਸ, ਗਾਉੜੀ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲ੍ਹਾਰ ਆਦਿ ਹਨ ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਇਕ ਵਿਸ਼ਾਲ ਸਾਗਰ ਸਮਾਨ ਹੈ । ਅਨੇਕਾਂ ਕਾਵਿ ਰੂਪਾਂ, ਛੰਦ ਪ੍ਰਬੰਧ ਤੇ ਰਾਗਾਂ ਵਿੱਚ ਰਚੀ ਹੋਈ ਇਹ ਬਾਣੀ ਮਨੁੱਖ ਨੂੰ ਉੱਚ ਗੁਣਾਂ ਸੰਗ ਵਿਚਰਨ ਲਈ ਪ੍ਰੇਰਦੀ ਹੈ । ਗੁਰੂ ਸਾਹਿਬ ਵੱਲੋਂ ਰਚੀ ਗਈ ਇਹ ਬਾਣੀ ਆਪਣੇ ਵੇਲੇ ਦੇ ਸਮਾਜ ਦੀ ਅਧੋਗਤੀ ਵੇਖ ਘੋਖ ਕੇ ਲਿਖੀ ਗਈ ਹੈ । ਇਹ ਸਮਾਜ ਦਾ ਯਥਾਰਥਕ ਵਰਣਨ ਕਰਦੀ ਹੋਈ ਰਾਜਸੀ, ਆਰਥਕ, ਧਾਰਮਿਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਦਾ ਮੁਲਾਂਕਣ ਕਰਦੀ ਹੈ । ਇਹ ਬਾਣੀ ਉਸ ਵੇਲੇ ਦੇ ਸਮਾਜ ਵਿਚਲੀਆਂ ਭੈੜਾਂ/ਕੁਰੀਤੀਆਂ ਦੀ ਬੜੀ ਭਰਵੀਂ ਨਿਖੇਧੀ ਕਰਦੀ ਹੈ । ਗੁਰੂ ਨਾਨਕ-ਬਾਣੀ ਦਾ ਵਿਸ਼ਾ ਆਤਮਕ ਉਸਾਰੀ ਤੇ ਸਮਾਜਕ ਉਸਾਰੀ ਦੋਵੇਂ ਹੈ । ਇਸ ਲਈ ਵਿਸ਼ੇ ਦੇ ਪੱਖ ਤੋਂ ਭਗਤੀ ਲਹਿਰ ਦੀਆਂ ਹੋਰ ਰਚਨਾਵਾਂ ਨਾਲੋਂ ਇਹ ਵੱਖਰੀ ਤੇ ਨਿਰਾਲੀ ਹੈ । ਇਹ ਰਾਜਨੀਤਕ ਅਤਿਆਚਾਰਾਂ ਵਿਰੁੱਧ ਇਕ ਠੋਸ ਆਵਾਜ਼ ਬੁਲੰਦ ਕਰਦੀ ਹੈ ।

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥

ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥

ISSN : 2581-8252

ਜਿਥੈ ਜੀਆਂ ਹੋਸੀ ਸਾਰ ॥ ਨੱਕੀ ਵੱਢੀ ਲਾਇਤਬਾਰ ॥

(ਮਲਾਰ ਦੀ ਵਾਰ)

ਸਮੁੱਚੇ ਤੌਰ 'ਤੇ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਸ਼ਬਦਾਵਲੀ ਤੇ ਅਲੰਕਾਰਕ ਸ਼ੈਲੀ ਉਚੇਰੀਆਂ ਕਲਾਤਮਕ ਛੋਹਾਂ ਨਾਲ ਭਰਪੂਰ ਹੈ । ਇਸ ਬਾਣੀ ਨੂੰ ਸਮੁੱਚੀ ਗੁਰਬਾਣੀ ਵਿੱਚ ਵਿਸ਼ੇਸ਼ ਸਥਾਨ ਪ੍ਰਾਪਤ ਹੈ । ਗੁਰੂ ਜੀ ਜਿੱਥੇ ਸਮਾਜਕ ਅਨਿਆਇ ਤੇ ਕਠੋਰ ਸ਼ਾਸਨ ਪ੍ਰਬੰਧ ਦਾ ਵਿਰੋਧ ਕਰਦੇ ਹਨ, ਉੱਥੇ ਉਹ ਪ੍ਰਚਲਿਤ ਧਾਰਮਿਕ ਭਰਮ ਗ੍ਰਸਤ ਫੋਕਟ ਕਰਮਾਂ ਦੀ ਨਿਖੇਧੀ ਵੀ ਜ਼ੋਰਦਾਰ ਢੰਗ ਨਾਲ ਕਰਦੇ ਹਨ । ਇਹ ਬਾਣੀ ਸਾਹਿਤਕ ਅਤੇ ਸਮਾਜਕ ਮਹੱਤਵ ਦੀ ਪਰੰਪਰਾ ਨੂੰ ਕਾਇਮ ਰੱਖਦੀ ਹੈ ।